ਡਿਜੀਟਲ ਦੋਮਾਹੀ ਪੱਤਰ ਅੰਕ: 3, ਨੰ: 2 (ਮਾਰਚ- ਅਪ੍ਰੈਲ, 2023)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE' Vol. 3 No. 2 ( March-April 2023)

**ਸੰਪਾਦਕੀ ਬੋਰਡ**

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਡੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ

**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com

**ਯੂਟਿਊਬ ਚੈਨਲ**

SCAN

## ਵਾਤਾਵਰਨ-ਪੱਖੀ ਜੀਵਨ

ਪਸ਼ੂ ਪਾਲਕ ਵੀਰੋ ਅਤੇ ਭੈਣੋਂ

ਬੀਤੇ ਦੋ ਵਰ੍ਹਿਆਂ ਦੌਰਾਨ ਅਸੀਂ ਸਾਰਿਆਂ ਨੇ ਕਈ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ। ਇਹਨਾਂ ਦੋ ਸਾਲਾਂ ਨੇ ਸਾਨੂੰ ਕਈ ਮਹੱਤਵਪੂਰਨ ਗੱਲਾਂ ਵੀ ਸਿਖਾਈਆਂ ਜਿਹਨਾਂ ਵਿੱਚੋਂ ਇੱਕ ਸੀ ਕਿ ਸਾਨੂੰ ਆਪਣੇ ਵਾਤਾਵਰਨ ਦੀ ਸ਼ੁੱਧਤਾ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ। ਕਈ ਅੰਤਰ-ਰਾਸ਼ਟਰੀ ਸੰਸਥਾਵਾਂ ਵੀ ਹੁਣ 'ਵੰਨ ਹੈੱਲਥ' ਦੇ ਵਿਸ਼ੇ 'ਤੇ ਜ਼ੋਰ ਦੇ ਰਹੀਆਂ ਹਨ ਜਿਸ ਦਾ ਅਰਥ ਹੈ ਕਿ ਮਨੁੱਖੀ, ਪਸ਼ੂ ਅਤੇ ਵਾਤਾਵਰਨ ਦੀ ਸਿਹਤ ਨੂੰ ਇੱਕੋ ਕੜੀ ਵਿੱਚ ਜੋੜ ਕੇ ਵੇਖਿਆ ਜਾਵੇ। ਵਿਸ਼ਵ ਪੱਧਰ 'ਤੇ ਉੱਭਰ ਰਹੇ ਨਵੇਂ ਰੋਗਾਂ ਨੂੰ ਰੋਕਣ ਲਈ 'ਵੰਨ ਹੈੱਲਥ' ਨੂੰ ਇੱਕ ਟਿਕਾਊ ਹੱਲ ਵਜੋਂ ਦੇਖਿਆ ਜਾ ਰਿਹਾ ਹੈ।

ਇਸੇ ਲੜੀ ਵਿੱਚ ਪਸ਼ੂ ਪਾਲਣ ਅਤੇ ਖੇਤੀਬਾੜੀ ਨਾਲ ਜੁੜੇ ਕਿਸਾਨ ਪਰਿਵਾਰਾਂ ਨੂੰ ਵੀ ਪਸ਼ੂਆਂ ਅਤੇ ਫ਼ਸਲਾਂ ਵਿੱਚ ਉੱਭਰ ਰਹੀਆਂ ਬਿਮਾਰੀਆਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਪਸ਼ੂਆਂ ਵਿੱਚ ਲੰਪੀ ਚਮੜੀ ਰੋਗ ਵੀ ਇੱਕ ਅਜਿਹੀ ਉਦਾਹਰਣ ਹੈ ਜੋ ਵਾਤਾਵਰਨ ਅਤੇ ਪਸ਼ੂ ਦੇ ਆਸਪਾਸ ਦੀ ਗੰਦਗੀ ਤੋਂ ਪੈਦਾ ਹੁੰਦੀ ਹੈ ਜਿੱਥੇ ਮੱਛਰ ਅਤੇ ਮੱਖੀਆਂ ਪਨਪਦੇ ਹਨ ਅਤੇ ਫ਼ਿਰ ਪਸ਼ੂਆਂ ਨੂੰ ਬਿਮਾਰੀ ਫ਼ੈਲਾਉਂਦੇ ਹਨ। ਬਰੂਸੀਲੋਸਿਸ ਵਰਗੀਆਂ ਕਈ ਬਿਮਾਰੀਆਂ ਸਫ਼ਾਈ ਦੀ ਕਮੀ ਅਤੇ ਅਣਗਹਿਲੀ ਕਰਕੇ ਪਸ਼ੂਆਂ ਤੋਂ ਮਨੁੱਖਾਂ ਨੂੰ ਹੋ ਸਕਦੀਆਂ ਹਨ। ਪਰਾਲੀ ਅਤੇ ਕਣਕ ਦੇ ਨਾੜ ਨੂੰ ਲਗਾਈ ਅੱਗ ਮਨੁੱਖਾਂ ਅਤੇ ਪਸ਼ੂਆਂ ਵਿੱਚ ਸਾਹ ਦੀ ਤਕਲੀਫ਼ ਦਾ ਕਾਰਨ ਬਣਦੀ ਹੈ। ਸ਼ਹਿਰਾਂ ਵਿਚਲੇ ਕਾਰਖਾਨੇ, ਵਾਹਨਾਂ ਆਦਿ ਦਾ ਪ੍ਰਦੂਸ਼ਣ ਸਾਡੀ ਹਵਾ ਅਤੇ ਪਾਣੀ ਨੂੰ ਜ਼ਹਿਰੀਲਾ ਬਣਾ ਰਿਹਾ ਹੈ ਅਤੇ ਇਹ ਪਾਣੀ ਪਸ਼ੂਆਂ ਅਤੇ ਮਨੁੱਖਾਂ ਨੂੰ ਵੀ ਕਈ ਕਿਸਮ ਦੇ ਰੋਗ ਦੇ ਸਕਦਾ ਹੈ। ਪਸ਼ੂ ਪਾਲਣ ਨਾਲ ਜੁੜੇ ਕਿਸਾਨ ਪਰਿਵਾਰ ਆਪਣੀ ਸਿਹਤ ਲਈ ਰਸਾਇਣ ਮੁਕਤ ਖੇਤੀ, ਜੈਵਿਕ ਖੇਤੀ ਅਤੇ ਸੰਗਠਿਤ ਖੇਤੀ ਜਿਹੇ ਵਿਕਲਪ ਚੁਣ ਸਕਦੇ ਹਨ। ਇਸ ਦੇ ਨਾਲ ਹੀ ਇਹਨਾਂ ਨੂੰ ਕਾਰੋਬਾਰ ਦਾ ਰੂਪ ਦੇ ਕੇ ਕਮਾਈ ਕੀਤੀ ਜਾ ਸਕਦੀ ਹੈ ਅਤੇ ਵਾਤਾਵਰਨ ਨੂੰ ਬਿਹਤਰ ਤਰੀਕੇ ਨਾਲ ਸੰਭਾਲਿਆ ਜਾ ਸਕਦਾ ਹੈ। (ਸੰਪਾਦਕ)

## ਵੈਟਨਰੀ ਯੂਨੀਵਰਸਿਟੀ ਵਿਖੇ ਪਸ਼ੂ ਪਾਲਣ ਮੇਲਾ 24-25 ਮਾਰਚ ਨੂੰ

ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਵੱਲੋਂ 24 ਅਤੇ 25 ਮਾਰਚ ਨੂੰ ਪਸ਼ੂ ਪਾਲਣ ਮੇਲਾ ਲਗਾਇਆ ਜਾਵੇਗਾ। ਇਸ ਮੇਲੇ ਦੌਰਾਨ ਯੂਨੀਵਰਸਿਟੀ ਦੀਆਂ ਖੋਜਾਂ ਨਾਲ ਸਬੰਧਤ ਤਕਨੀਕਾਂ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ। ਪਸ਼ੂ ਪਾਲਕ ਇਸ ਮੌਕੇ ਯੂਨੀਵਰਸਿਟੀ ਵੱਲੋਂ ਤਿਆਰ ਕੀਤੇ ਉੱਤਮ ਨਸਲ ਦੇ ਪਸ਼ੂ ਅਤੇ ਮੁਰਗੀਆਂ ਨੂੰ ਵੀ ਦੇਖ ਸਕਣਗੇ। ਪਸ਼ੂ ਪਾਲਣ ਨਾਲ ਸਬੰਧਤ ਵਪਾਰਕ ਇਕਾਈਆਂ ਵੱਲੋਂ ਆਪਣੇ ਉਤਪਾਦ ਵਿਕਰੀ ਲਈ ਉਪਲਬਧ ਕਰਵਾਏ ਜਾਣਗੇ। ਮੇਲੇ ਦੌਰਾਨ ਅਗਾਂਹਵਧੂ ਮੱਝ ਪਾਲਕ, ਬੱਕਰੀ ਪਾਲਕ, ਸੂਰ ਪਾਲਕ ਅਤੇ ਮੱਛੀ ਪਾਲਕਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਤ ਕੀਤਾ ਜਾਵੇਗਾ। ਪਸ਼ੂ ਪਾਲਕ, ਮੁਰਗੀ ਪਾਲਕ ਅਤੇ ਮੱਛੀ ਪਾਲਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਯੂਨੀਵਰਸਿਟੀ ਦੇ ਮਾਹਿਰ ਆਪਣੇ ਵਿਭਾਗ ਦੀਆਂ ਸਟਾਲਾਂ ਵਿੱਚ ਹਾਜ਼ਿਰ ਹੋਣਗੇ।






## ਯੂਨੀਵਰਸਿਟੀ ਨੇ ਪਹਿਲੀ ਸਰਕਾਰ- ਕਿਸਾਨ ਮਿਲਣੀ ਵਿੱਚ ਹਿੱਸਾ ਲਿਆ

ਪੰਜਾਬ ਸਰਕਾਰ ਵੱਲੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਖੇ ਪਹਿਲੀ ਸਰਕਾਰ- ਕਿਸਾਨ ਮਿਲਣੀ ਕਰਵਾਈ ਗਈ ਜਿਸ ਦੇ ਤਹਿਤ ਪੰਜਾਬ ਭਰ ਦੇ ਕਿਸਾਨ ਅਤੇ ਪਸ਼ੂ ਪਾਲਕਾਂ ਨੇ ਸਰਕਾਰੀ ਅਦਾਰਿਆਂ ਦੇ ਅਧਿਕਾਰੀਆਂ ਦੇ ਸਾਹਮਣੇ ਕਿਸਾਨੀ ਅਤੇ ਪਸ਼ੂ ਪਾਲਣ ਸਬੰਧੀ ਆਪਣੀਆਂ ਮੁਸ਼ਕਿਲਾਂ ਅਤੇ ਸੁਝਾਅ ਰੱਖੇ। ਵੈਟਨਰੀ ਯੂਨੀਵਰਸਿਟੀ ਵੱਲੋਂ ਡੇਅਰੀ, ਪੋਲਟ੍ਰੀ, ਸੂਰ, ਬੱਕਰੀ, ਮੱਛੀ ਪਾਲਣ ਅਤੇ ਮੰਡੀਕਰਨ ਸਬੰਧੀ ਚਰਚਾ ਕਰਵਾਈ ਗਈ। ਯੂਨੀਰਸਿਟੀ ਦੇ ਮਾਣਯੋਗ ਉਪ-ਕੁਲਪਤੀ ਡਾ, ਇੰਦਰਜੀਤ ਸਿੰਘ ਅਤੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਪਰਕਾਸ਼ ਸਿੰਘ ਬਰਾੜ ਨੇ ਕਿਸਾਨਾਂ ਦੇ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕੀਤੀ ਅਤੇ ਉਹਨਾਂ ਦੇ ਸੁਝਾਅ ਸਬੰਧਿਤ ਅਧਿਕਾਰੀਆਂ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ।






## ਲਵੇਰੀਆਂ 'ਚ ਮਸਨੂਈ ਗਰਭਦਾਨ ਦੀ ਨਕਾਮੀ ਦੇ ਕਾਰਣ

ਅੱਜਕਲ ਲਵੇਰੀਆਂ ਨੂੰ ਨਵੇਂ ਦੁੱਧ ਕਰਵਾਉਣ ਲਈ ਜਿਆਦਾਤਰ ਮਸਨੂਈ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਬੜੀ ਵਾਰੀ ਇਹ ਮਸਨੂਈ ਤਰੀਕੇ ਅਪਣਾ ਕੇ ਸਫਲਤਾ ਹੱਥ ਨਹੀਂ ਲੱਗਦੀ। ਸਿੱਟੇ ਵਜੋਂ ਪਸ਼ੂ-ਪਾਲਕਾਂ ਦਾ ਚੋਖਾ ਆਰਥਿਕ ਨੁਕਸਾਨ ਹੋ ਜਾਂਦਾ ਹੈ।ਮਸਨੂਈ ਗਰਭਦਾਨ ਦੇ ਨਕਾਮ ਹੋਣ ਦੇ ਕਈ ਕਾਰਣ ਹੋ ਸਕਦੇ ਹਨ। ਮੁੱਖ ਕਾਰਣਾ ਨੂੰ ਹੇਠਾਂ ਪਦ ਚਿੰਨਾਂ ਦੀ ਸ਼ਕਲ ਵਿਚ ਲਿਖਿਆ ਗਿਆ ਹੈ।

### 1. ਮਨੁੱਖੀ ਕਾਰਣ:

#### ੳ) ਪਸ਼ੂ-ਪਾਲਕਾਂ ਵੱਲੋਂ ਗਲਤੀਆਂ

- ❑ ਲਵੇਰੀਆਂ 'ਚ ਹੇਹਾ ਲੱਭਣ ਵਿਚ ਕੁਤਾਹੀ
- ❑ ਲਵੇਰੀਆਂ ਦਾ ਸਹੀ ਤਰੀਕੇ ਨਾਲ ਮੁਕੰਮਲ ਰਿਕਾਰਡ ਨਾ ਰੱਖਣਾ
- ❑ ਲਵੇਰੀਆਂ ਦਾ ਮਾੜਾ ਖੁਰਾਕੀ ਪ੍ਰਬੰਧ
  - ਖਾਸ ਖੁਰਾਕੀ ਤੱਤਾਂ ਦੀ ਘਾਟ ਜਾਂ ਵਾਧ
  - ਖ਼ੁਰਾਕ ਵਿਚ ਉੱਲੀ ਦੀ ਹੋਂਦ
  - ਹਰੇ ਚਾਰੇ ਵਿਚ ਜਹਿਰਾਂ ਦੀ ਹੋਂਦ
  - ਹਰਾ ਚਾਰਾ ਅਤੇ ਵੰਡ ਨੂੰ ਗਲਤ ਅਨੁਪਾਤ ਵਿਚ ਖੁਆਉਣਾ
  - ਵੰਡ ਨੂੰ ਹਰੇ ਚਾਰੇ ਤੋਂ ਪਹਿਲਾਂ ਖੁਆਉਣਾ
  - ਵੰਡ ਅਤੇ ਹਰਾ ਚਾਰਾ ਲੋੜ ਤੋਂ ਘੱਟ ਖੁਆਉਣਾ
- ❑ ਮਸਨੂਈ ਗਰਭਦਾਨ ਦਾ ਟੀਕਾ ਲਗਵਾਉਣ ਲਈ ਲਵੇਰੀ ਨੂੰ ਲੰਬਾ ਰਸਤਾ ਤੋਰਨ ਉਪਰੰਤ ਆਰਾਮ ਨਾ ਦਵਾਉਣਾ
- ❑ ਲਵੇਰੀਆਂ ਦਾ ਅੱਤ ਦੀ ਗਰਮੀ ਅਤੇ ਕੜਾਕੇ ਦੀ ਠੰਡ ਤੋਂ ਬਚਾ ਨਾ ਕਰਨਾ
- ❑ ਖੁਰਲੀ ਉੱਪਰ ਜਾਂ ਵਾੜੇ ਅੰਦਰ ਸਿਫਾਰਸ਼ ਤੋਂ ਜਿਆਦਾ ਪਸ਼ੂ ਰੱਖਣਾ
- ❑ ਲਵੇਰੀਆਂ ਨੂੰ ਹਰ ਵਕਤ ਬੰਨ ਕੇ ਰੱਖਣਾ ਅਤੇ ਕੋਈ ਕਸਰਤ ਨਾ ਕਰਵਾਉਣਾ
- ❑ ਲਵੇਰੀਆਂ ਦਾ ਲੰਗ ਮਾਰਨਾ ਅਤੇ ਉਹਨਾਂ ਦਾ ਸਹੀ ਉਪਚਾਰ ਨਾ ਕਰਨਾ ਜਾਂ ਲਵੇਰੀਆਂ ਨੂੰ ਬੇਵਜਾ ਕੁੱਟਣਾ

#### ਅ) ਟੀਕਾ ਲਗਵਾਉਣ ਵਾਲੇ ਅਮਲੇ ਵੱਲੋਂ ਗਲਤੀਆਂ

- ❑ ਵੀਰਜ ਦੇ ਟੀਕਿਆਂ ਨੂੰ ਗਲਤ ਤਰੀਕੇ ਨਾਲ ਸੰਭਾਲਣਾ ਜਾਂ ਸਿਲੰਡਰ 'ਚੋਂ ਤਰਲ ਨਾਈਟ੍ਰੋਜਨ ਇੱਕ ਖਾਸ ਸਤਰ ਤੋਂ ਘੱਟ ਜਾਣਾ
- ❑ ਸਿਲੰਡਰ ਵਿਚੋਂ ਟੀਕੇ ਬਗੈਰ ਨਚਕੁੰਡੀ ਤੋਂ ਹੀ ਕੱਢਣਾ ਜਾਂ ਟੀਕੇ ਨੂੰ ਗਲਤ ਤਰੀਕੇ ਨਾਲ ਕੱਟਣਾ
- ❑ ਟੀਕਿਆਂ ਨੂੰ ਗਲਤ ਤਾਪਮਾਨ (ਜਿਆਦਾ ਗਰਮ ਜਾਂ ਜਿਆਦਾ ਠੰਡੇ ਪਾਣੀ ਵਿਚ) ਤੇ ਪਿਘਲਾਉਣਾ
- ❑ ਟੀਕਿਆਂ ਦੀ ਬਾਹਰੀ ਸਤਾਹ ਤੋਂ ਪਾਣੀ ਸਾਫ਼ ਨਾ ਕਰਨਾ
- ❑ ਟੀਕੇ ਲਗਵਾਉਣ ਵਾਲੀ ਸਟੀਲ ਦੀ ਗੰਨ (AI Gun) ਉੱਪਰ ਮਿੱਟੀ ਘੱਟੇ ਵਾਲੀ ਸ਼ੀਥ ਚੜਾਉਣਾ
- ❑ AI Gun ਉੱਪਰ ਸ਼ੀਥ ਲੌਕ ਸਹੀ ਤਰੀਕੇ ਨਾਲ ਨਾ ਲਗਾਉਣਾ
- ❑ ਟੀਕਾ ਤਿਆਰ ਕਰਨ ਦੀ ਮੁਕੰਮਲ ਵਿਧੀ ਨੂੰ ਸਿੱਧੀ ਧੁੱਪ ਵਿਚ ਹੀ ਨੇਪਰੇ ਚਾੜਨਾ
- ❑ ਟੀਕਾ ਲਗਾਉਣ ਵੇਲੇ ਲਵੇਰੀ ਨੂੰ ਸਹੀ ਤਰੀਕੇ ਨਾਲ ਕਾਬੂ ਨਾ ਕਰਵਾਉਣਾ
- ❑ ਟੀਕਾ ਲਗਾਉਣ ਸਮੇਂ ਸੂਅ ਉਪਰੋਂ ਗੋਹਾ ਆਦਿ ਸਾਫ ਨਾ ਕਰਵਾਉਣਾ
- ❑ ਟੀਕਾ ਲਗਾਉਣ ਸਮੇਂ ਫਾਲਤੂ ਦਾ ਧੱਕਾ ਕਰਨਾ
- ❑ ਟੀਕਾ ਲਗਾਉਣ ਸਮੇਂ ਵੀਰਜ ਸਹੀ ਜਗ੍ਹਾ ਉੱਪਰ ਨਾ ਛੱਡਣਾ
- ❑ ਮੱਝ ਦੇ ਸਾਨ੍ਹ ਦਾ ਅਤੇ ਗਾਂ ਦੇ ਝੋਟੇ ਦਾ ਟੀਕਾ ਲਗਾਉਣਾ
- ❑ ਟੀਕਾ ਬਗੈਰ ਹੇਹੇ ਤੋਂ ਹੀ ਲਗਾ ਦੇਣਾ ਜਾਂ ਫਿਰ ਪਹਿਲਾਂ ਤੋਂ ਹੀ ਗੱਭਣ ਪਸ਼ੂ ਦੇ ਲਗਾ ਦੇਣਾ
- ❑ ਮਸਨੂਈ ਗਰਭਦਾਨ ਦੇ ਨਾਲ ਬਗੈਰ ਲੋੜੀਂਦੇ ਹਾਰਮੋਨ ਦੇ ਟੀਕੇ ਜਾਂ ਫਾਲਤੂ ਦਵਾਈਆਂ ਵਰਤਣਾ

### 2. ਲਵੇਰੀ ਨਾਲ ਸਬੰਧਤ ਕਾਰਣ


- ❑ ਕਿਸੇ ਵੀ ਕਾਰਣ (ਖੁਰਾਕੀ, ਵਾਤਾਵਰਣ ਜਾਂ ਬਿਮਾਰੀ ਕਾਰਣ) ਹੇਹੇ ਦੀ ਤੀਬਰਤਾ ਦਾ ਘੱਟ ਹੋਣਾ
- ❑ ਪ੍ਰਜਨਣ ਅੰਗਾਂ ਵਿਚ ਜ਼ਖਮ ਜਾਂ ਕੋਈ ਛੂਤ
- ❑ ਪ੍ਰਜਨਣ ਨਾਲ ਸਬੰਧਤ ਰਸਾਇਣਾਂ (Hormones) ਦੇ ਅਨੁਪਾਤ ਵਿਚ ਗੜਬੜ
- ❑ ਮਸਨੂਈ ਗਰਭਦਾਨ ਦੇ ਦਿਨਾਂ ਵਿਚ ਲਵੇਰੀ ਦਾ ਵਜ਼ਨ ਘੱਟਣਾ
- ❑ ਖੂਨ ਵਿਚ ਯੂਰੀਆ ਨਾਈਟ੍ਰੋਜਨ, ਕੀਟੋਨ ਬੌਡੀਜ਼ ਜਾਂ ਉੱਲੀ ਤੋਂ ਉਤਪੰਨ ਜਹਿਰਾਂ ਦਾ ਵੱਧ ਹੋਣਾ
- ❑ ਸਰੀਰ ਵਿਚ ਕੈਲਸ਼ੀਅਮ, ਫਾਸਫੋਰਸ, ਵਿਟਾਮਿਨ ਏ, ਈ ਅਤੇ ਡੀ ਦੀ ਘਾਟ
- ❑ ਖੁਰਾਕ ਵਿਚ ਇਸਟ੍ਰੋਜਨ ਵਰਗੇ ਤੱਤਾਂ ਦੀ ਭਰਮਾਰ
- ❑ ਲਵੇਰੀ ਵਿਚ ਖੂਨ ਦੀ ਕਮੀਂ
- ❑ ਦੋਨੋ ਪਾਸੇ ਦੀਆਂ ਅੰਡਨਾਲੀਆਂ ਦਾ ਬੰਦ ਹੋਣਾ
- ❑ ਅੰਡੇਦਾਨੀਆਂ ਦਾ ਨਾਲ ਲੱਗਦੇ ਅੰਗਾਂ ਨਾਲ ਜੁੜ ਜਾਣਾ
- ❑ ਅੰਡੇਦਾਨੀ ਵਿਚੋਂ ਅੰਡੇ ਦਾ ਨਾ ਨਿਕਲਣਾ ਜਾਂ ਬਹੁੱਤ ਦੇਰ ਬਾਅਦ ਨਿਕਲਣਾ

### 3. ਸਾਨ੍ਹ/ਝੋਟੇ ਨਾਲ ਸਬੰਧਤ ਕਾਰਣ

- ❑ ਜੱਦੀ ਨੁਕਸ ਵਾਲੇ ਸਾਨ੍ਹ/ਝੋਟੇ ਦੇ ਵੀਰਜ ਦਾ ਇਸਤੇਮਾਲ ਕਰਨਾ
- ❑ ਸ਼ੁਕਰਾਣੂਆਂ ਦੁਆਰਾ ਅੰਡੇ ਨਾਲ ਮਿਲਾਪ ਕਰਨ ਦੀ ਘੱਟ ਸ਼ਕਤੀ ਰੱਖਣ ਵਾਲੇ ਸਾਨ੍ਹ/ਝੋਟੇ ਦਾ ਇਸਤੇਮਾਲ ਕਰਨਾ
- ❑ ਘੱਟ ਗੁਣਵੱਤਾ ਵਾਲੇ ਵੀਰਜ ਦਾ ਇਸਤੇਮਾਲ ਕਰਨਾ

(ਡਾ. ਰਾਕੇਸ਼ ਕੁਮਾਰ ਸ਼ਰਮਾ)

## ਵੈਟਨਰੀ ਯੂਨੀਵਰਸਿਟੀ ਦੀਆਂ ਮੋਬਾਈਲ ਐਪਸ





ਗੂਗਲ ਪਲੇ ਸਟੋਰ ਤੋਂ ਐਪ ਡਾਊਨਲੋਡ ਕਰਨ ਲਈ ਮੋਬਾਈਲ ਫ਼ੋਨ ਵਿੱਚੋਂ QR ਕੋਡ ਸਕੈਨਰ ਜਾਂ ਗੂਗਲ ਲੈਂਸ ਐਪ ਰਾਹੀਂ ਇਸ ਕੋਡ ਨੂੰ ਸਕੈਨ ਕਰੋ।



## ਬੱਚੇਦਾਨੀ ਦਾ ਵਲੇਵਾਂ- ਤੁਰੰਤ ਇਲਾਜ ਵਿੱਚ ਹੀ ਸਮਝਦਾਰੀ

ਪਸ਼ੂ ਪਾਲਕਾਂ ਨੂੰ ਗੱਭਣ ਪਸ਼ੂ ਦੀ ਬਹੁਤ ਸਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਵਿਚੋਂ ਇੱਕ ਬੱਚੇਦਾਨੀ ਦਾ ਵਲੇਵਾਂ ਵੀ ਹੈ। ਇਸ ਬਿਮਾਰੀ ਵਿੱਚ ਪਸ਼ੂ ਦੀ ਬੱਚੇਦਾਨੀ ਆਪਣੇ ਲੰਬੇ ਧੁਰੇ ਦੁਆਲੇ ਘੁੰਮ ਜਾਂਦੀ ਹੈ।

- ਇਹ ਵਲੇਵਾਂ ਗਾਂਵਾਂ ਜਾ ਮੱਝਾਂ ਦੋਨਾ ਵਿੱਚ ਦੇਖਿਆ ਜਾਂਦਾ ਹੈ ।
- ਬੱਚੇਦਾਨੀ ਦਾ ਵੱਲ ਸੂਣ ਤੋਂ ਪਹਿਲਾਂ ਵੀ ਪੈ ਸਕਦਾ ਹੈ ਤੇ ਸੂਣ ਦੀ ਪ੍ਰਕਿਰਿਆ ਦੇ ਸਮੇਂ ਵੀ ਪੈ ਸਕਦਾ ਹੈ।
- ਪਸ਼ੂ ਸੂਣ ਵਾਲੇ ਸਾਰੇ ਲੱਛਣ ਦਰਸਾਉਂਦਾ ਹੈ, ਪਰ ਬੱਚੇਦਾਨੀ ਦਾ ਵੱਲ ਪੈਣ ਕਰਕੇ ਸੂ ਨਹੀਂ ਪਾਉਂਦਾ। ਪਸ਼ੂ ਦੁਆਰਾ ਜੋਰ ਮਾਰਨ ਤੇ ਨਾ ਤਾਂ ਮਟਿਆਂਡੀ ਬਾਹਰ ਆਉਂਦੀ ਹੈ ਤੇ ਨਾ ਹੀ ਬੱਚਾ ਬਾਹਰ ਆਓਂਦਾ ਹੈ।
- ਬੱਚੇਦਾਨੀ ਦੇ ਵੱਲ ਪੈਣ ਤੇ ਪਸ਼ੂ ਢਿੱਡ ਵਿੱਚ ਦਰਦ ਮਨਾਉਂਦਾ ਹੈ । ਇਸ ਦਰਦ ਕਰਕੇ ਪਸ਼ੂ ਵਾਰ-ਵਾਰ ਉੱਠਦਾ ਬੈਠਦਾ ਹੈ , ਢਿੱਡ ਤੇ ਲੱਤਾਂ ਵੀ ਮਾਰਦਾ ਹੈ।ਪਸ਼ੂ ਦੇ ਢਿੱਡ ਵਿੱਚ ਦਰਦ ਹੋਣ ਕਰਕੇ ਪਸ਼ੂ ਤੇ ਬੋਝ ਵੱਧ ਜਾਂਦਾ ਹੈ, ਜਿਸ ਕਰਕੇ ਪਸ਼ੂ ਖਾਣਾ-ਪੀਣਾ ਛੱਡ ਦਿੰਦਾ ਹੈ।
- ਬੱਚੇਦਾਨੀ ਦਾ ਵਲੇਵਾਂ ਪੈਣ ਦੇ ਕਾਰਨ ਪਸ਼ੂ ਕਬਜ਼ ਦੇ ਲੱਛਣ ਵੀ ਦਿਖਾਓਂਦਾ ਹੈ ਅਤੇ ਕਈ ਵਾਰ ਪਸ਼ੂ ਦੀ ਪਿਸ਼ਾਬ ਵਾਲੀ ਨਾਲੀ ਵੀ ਦਬ ਜਾਂਦੀ ਹੈ, ਜਿਸ ਕਾਰਨ ਪਸ਼ੂ ਦਾ ਪਿਸ਼ਾਬ ਵੀ ਰੁੱਕ ਜਾਂਦਾ ਹੈ।
- ਵੱਲ ਕੱਢਣ ਲਈ ਪਸ਼ੂ ਨੂੰ ਜਮੀਨ ਤੇ ਪਲਟੇ ਦਿੱਤੇ ਜਾਦੇ ਹਨ।ਜੇਕਰ ਸਹੀ ਹੱਥਾਂ ਦੁਆਰਾ ਅਤੇ ਸਹੀ ਸਮੇਂ ਤੇ ਅਜਿਹੇ ਪਸ਼ੂ ਦਾ ਇਲਾਜ ਹੋਵੇ ਤਾਂ ਬੱਚਾ, ਮਾਂ ਅਤੇ ਦੁੱਧ ਸਹੀ ਰੂਪ ਵਿੱਚ ਮਿਲ ਸਕਦੇ ਹਨ।
- ਸੋ, ਜਲਦੀ ਤੋਂ ਜਲਦੀ ਮਾਹਰ ਵੈਟਨਰੀ ਡਾਕਟਰ ਨਾਲ ਸੰਪਰਕ ਕਰਨ ਵਿੱਚ ਹੀ ਸਮਝਦਾਰੀ ਹੈ ।




ਬੱਚੇਦਾਨੀ ਦੇ ਵੱਲ ਵਾਲੇ ਪਸ਼ੂ ਦਾ ਜਮੀਨ ਤੇ ਗੇੜੇ ਦੇ ਕੇ ਇਲਾਜ

- ਬੱਚੇਦਾਨੀ ਦੇ ਵੱਲ ਪੈਣ ਤੋਂ ਬਾਅਦ ਇਲਾਜ ਵਿੱਚ ਹੋਈ ਦੇਰੀ ਕਾਰਨ ਜਾਂ ਇਲਾਜ ਨਾ ਕਰਵਾਉਣ ਕਰਕੇ ਪਸ਼ੂ ਪਾਲਕਾਂ ਦਾ ਤਿਗੁਣਾ ਨੁਕਸਾਨ ਹੁੰਦਾ ਹੈ। ਪਹਿਲਾ ਨੁਕਸਾਨ - ਅਜਿਹਾ ਪਸ਼ੂ ਅਗਾਂਹ ਤੋਂ ਗੱਭਣ ਨਹੀਂ ਹੁੰਦਾ, ਦੂਜਾ ਨੁਕਸਾਨ - ਅਗਲੀ ਪੀੜ੍ਹੀ ਵਾਸਤੇ ਕੱਟੜੂ/ ਵੱਛੜੂ ਨਹੀਂ ਮਿਲਦਾ, ਤੀਜਾ ਨੁਕਸਾਨ -ਅਜਿਹਾ ਪਸ਼ੂ ਦੁੱਧ ਨਹੀਂ ਦਿੰਦਾ।

(ਡਾ. ਰਾਜੇਸ਼ ਕਸਰੀਜਾ ਅਤੇ ਡਾ. ਦੇਵਾਂਸ਼)

## ਆਓ ਸਮਝੀਏ - ਝੀਂਗਾ ਮੰਡੀਕਰਨ ਸੰਬੰਧੀ ਮੁਸ਼ਕਲਾਂ ਦੇ ਕਾਰਨ ਅਤੇ ਉਪਾਅ

ਪਿਛਲੇ 7-8 ਸਾਲਾਂ ਤੋਂ ਪੰਜਾਬ ਦੇ ਖਾਰੀਆਂ ਸੇਮ ਪ੍ਰਭਾਵਿਤ ਬੇਕਾਰ ਜ਼ਮੀਨਾਂ ਵਿੱਚ ਵੀ ਵਨਾਮੀ ਝੀਂਗਾ ਪਾਲਣ ਦਾ ਵਿਕਾਸ ਬੜੀ ਤੇਜ਼ੀ ਨਾਲ ਹੋਇਆ ਹੈ। ਇਸ ਤੋਂ ਘੱਟ ਸਮੇਂ (100-120 ਦਿਨ ਦੀ ਫਸਲ) ਵਿੱਚ ਹੋਣ ਵਾਲੇ ਵਾਧੂ ਲਾਭ (3-5 ਲੱਖ ਪ੍ਰਤੀ ਏਕੜ ਪ੍ਰਤੀ ਫਸਲ) ਨੇ ਕਿਸਾਨਾਂ ਨੂੰ ਅਪਣੇ ਵੱਲ ਆਕਰਸ਼ਿਤ ਕੀਤਾ। ਤਕਨੀਕੀ ਸਮਰੱਥਾ ਨਿਰਮਾਣ ਸੁਵਿਧਾ ਦੇ ਨਾਲ ਨਾਲ ਰਾਜ/ਭਾਰਤ ਸਰਕਾਰ ਵੱਲੋ ਝੀਂਗਾ ਪਾਲਣ ਵਿਕਾਸ ਸਕੀਮਾਂ ਦੀ ਉਪਲਬਧਤਾ ਸਦਕਾ ਕਿਸਾਨਾਂ ਨੇ ਇਸ ਨਵੀ ਖੇਤੀ ਨੂੰ ਅਸਾਨੀ ਅਤੇ ਤੇਜ਼ੀ ਨਾਲ ਅਪਣਾਇਆ। ਪੰਜਾਬ ਵਿੱਚ ਝੀਂਗਾ ਪਾਲਣ ਅਧੀਨ ਰਕਬਾ ਪਿੱਛਲੇ 8 ਸਾਲਾਂ ਵਿੱਚ 1 ਏਕੜ (2014) ਤੋਂ ਵੱਧ ਕੇ 1211 ਏਕੜ (2022) ਹੋ ਗਿਆ ਅਤੇ ਕਿਸਾਨਾਂ ਨੇ ਵਾਧੂ ਲਾਭ ਵੀ ਕਮਾਇਆ। ਪਰ ਸਾਲ 2022 ਦੌਰਾਨ, ਨਾ ਸਿਰਫ ਪੰਜਾਬ, ਬਲਕਿ ਭਾਰਤ ਦੇ ਸਾਰੇ ਝੀਂਗਾ ਪਾਲਕਾਂ ਨੂੰ ਮੰਡੀਕਰਨ ਸੰਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।



ਭਾਰਤ ਨੇ 2021 ਵਿੱਚ ਮੁੱਖ ਤੌਰ 'ਤੇ ਅਮਰੀਕਾ (59%), ਚੀਨ (14.6%), ਯੂਰਪ ਦੇਸ਼ਾਂ (8.2%), ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ (4.78%) ਅਤੇ ਜਪਾਨ (3.61%) ਨੂੰ ਝੀਂਗਾ ਨਿਰਯਾਤ ਕੀਤਾ, ਪਰ 2022 ਵਿੱਚ ਇਕਵਾਡੋਰ (Ecuador) ਦੇਸ਼ ਨੇ 25-30% ਵਿਕਾਸ ਦਰ (2019-2022) ਨਾਲ ਅੱਗੇ ਵਧਦੇ ਹੋਏ 10 ਲੱਖ ਟਨ ਝੀਂਗਾ ਪੈਦਾ ਕਰ ਕੇ ਅਮਰੀਕਾ ਦੇ ਝੀਂਗਾ ਬਾਜ਼ਾਰ ਤੇ ਕਬਜ਼ਾ ਕਰ ਲਿਆ।।ਆਮ ਤੌਰ'ਤੇ ਅੰਤਰਰਾਸ਼ਟਰੀ ਬਾਜ਼ਾਰ ਵਿੱਚ 20-30 ਗ੍ਰਾਮ ਝੀਂਗੇ ਦੀ ਬਹੁਤ ਮੰਗ ਹੈ ਅਤੇ ਇਸ ਆਕਾਰ ਦਾ ਝੀਂਗਾ 100-120 ਦਿਨਾਂ (3-4 ਮਹੀਨੇ) ਵਿੱਚ ਤਿਆਰ ਹੋ ਜਾਂਦਾ ਹੈ। ਜਲਵਾਯੂ ਸੰਵੇਦਨਸ਼ੀਲਤਾ ਪੱਖੋ ਪੰਜਾਬ ਵਿੱਚ ਗਰਮੀਆਂ ਦੇ ਮੌਸਮ ਵਿੱਚ ਅਪ੍ਰੈਲ ਤੋਂ ਨਵੰਬਰ ਮਹੀਨਿਆਂ ਦੌਰਾਨ ਝੀਂਗੇ ਦੀਆਂ ਦੋ ਫਸਲਾਂ ਲਈਆਂ ਜਾ ਸਕਦੀਆਂ ਹਨ ਅਤੇ ਝੀਂਗਾ ਪਾਲਣ ਵਿਕਾਸ ਲਈ ਇਹਨਾਂ ਰਾਜਾਂ ਵਿੱਚ ਇੱਕ ਵਿਸ਼ਾਲ ਖਾਰੇ ਪਾਣੀ ਦਾ ਸਰੋਤ ਵੀ ਉਪੁਲੱਬਧ ਹੈ। ਪਰ ਸਵਾਲ ਹੈ, ਕਿ ਸਿਰਫ ਝੀਂਗੇ ਦੀ ਪੈਦਾਵਾਰ ਵਧਾਉਣਾ ਹੀ ਸਾਡਾ ਉਦੇਸ਼ ਹੈ ? ਇਹ ਇਸ ਲਈ ਮਹੱਤਵਪੂਰਨ ਹੈ ਕਿਉਕਿ ਸਾਡੇ ਦੇਸ਼ ਵਿੱਚ ਝੀਂਗੇ ਦਾ ਮੰਡੀਕਰਨ ਮੁੱਖ ਤੌਰ'ਤੇ ਵਿਦੇਸ਼ੀ ਨਿਰਯਾਤ ਤੇ ਨਿਰਭਰ ਹੈ ਅਤੇ ਆਧੁਨਿਕ ਸੰਸਾਰ ਦੇ ਸਮਾਜਿਕ-ਆਰਥਿਕ ਚੁਣੌਤੀਆਂ ਦੇ ਮੱਦੇਨਜ਼ਰ ਇਸ ਦੀ ਸਥਿਰਤਾ ਦੀ ਕੋਈ ਗਰੰਟੀ ਨਹੀ ਹੈ।

ਹੇਠ ਲਿਖੇ ਮੁੱਖ ਕਾਰਨਾਂ ਕਰ ਕੇ ਸਾਲ 2022 ਦੌਰਾਨ ਕਿਸਾਨਾਂ ਨੂੰ ਝੀਂਗੇ ਦੀ ਮੰਡੀਕਰਨ ਸੰਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

- ਭਾਰਤ ਦਾ ਝੀਂਗੇ ਦੇ ਮੰਡੀਕਰਨ ਲਈ ਮੁੱਖ ਤੌਰ'ਤੇ (90% ਤੋਂ ਵੱਧ) ਨਿਰਯਾਤ ਤੇ ਨਿਰਭਰਤਾ ।
- ਇਕਵਾਡੋਰ ਵਿੱਚ ਰਿਕਾਰਡ ਝੀਂਗਾ ਉਤਪਾਦਨ ਦਾ ਹੋਣਾ ਅਤੇ ਉਸ ਦਾ ਭਾਰਤ ਦੇ ਸਭ ਤੋਂ ਵੱਡੇ ਨਿਰਯਾਤੀ ਬਾਜ਼ਾਰ (ਅਮਰੀਕਾ- ਲਗਭਗ 60%) ਤੇ ਕਬਜ਼ਾ ।
- ਯੂਕਰੇਨ-ਰੂਸ (2022) ਦੀ ਲੜਾਈ ਕਾਰਨ ਵਿਸ਼ਵ ਭਰ ਵਿੱਚ ਆਈ ਆਰਥਿਕ ਮੰਦੀ ਦਾ ਅੰਤਰਾਸ਼ਟਰੀ ਪੱਧਰ ਤੇ ਝੀਂਗਾ ਮੰਗ ਤੇ ਅਸਰ।
- ਕਰੋਨਾ ਕਰ ਕੇ ਚੀਨ ਵਿੱਚ ਆਯਾਤ ਤੇ ਪਾਬੰਧੀ।
- ਭਾਰਤ ਵਿੱਚ ਝੀਗੇ ਦੀ ਬਹੁਤ ਘੱਟ ਘਰੇਲੂ ਖਪਤ ।
- ਝੀਂਗਾ ਮੰਗ ਸਪਲਾਈ ਲੜੀ ਅਸੰਤੁਲਨ (ਵੱਧ ਪੈਦਾਵਾਰ)

ਜੇਕਰ ਕਿਸਾਨ ਵੀਰ ਇਹ ਚਾਹੁੰਦੇ ਹਨ ਕਿ ਉਹਨਾਂ ਦੀ ਫਸਲ ਦਾ ਉਹਨਾਂ ਨੂੰ ਸਹੀ ਮੁੱਲ ਮਿਲੇ, ਤਾਂ ਉਹਨਾਂ ਨੂੰ ਪ੍ਰਬੰਧਨ ਸਿਫ਼ਾਰਸ਼ਾਂ ਦੀ ਪਾਲਣਾ ਇਮਾਨਦਾਰੀ ਨਾਲ ਕਰਨੀ ਪਵੇਗੀ, ਕਿਉਂਕਿ ਜਿਆਦਾ ਪੈਦਾਵਾਰ ਨਾਲੋ ਜ਼ਰੂਰੀ ਹੈ - "ਘੱਟ ਲਾਗਤ-ਘੱਟ ਤਣਾਅ-ਜਿਆਦਾ ਮੁਨਾਫਾ"। ਹੇਠ ਲਿਖੇ ਦਿਸ਼ਾ ਨਿਰਦੇਸ਼ਾਂ ਨੂੰ ਅਪਣਾ ਕੇ ਝੀਂਗਾ ਮੰਡੀਕਰਨ ਸੰਬੰਧੀ ਮੁਸ਼ਕਲਾਂ ਨਾਲ ਕਾਫੀ ਹੱਦ ਤੱਕ ਨਜਿੱਠਆ ਜਾ ਸਕਦਾ ਹੈ :-

## ਆਓ ਸਮਝੀਏ - ਝੀਂਗਾ ਮੰਡੀਕਰਨ ਸੰਬੰਧੀ ਮੁਸ਼ਕਲਾਂ ਦੇ ਕਾਰਨ ਅਤੇ ਉਪਾਅ

| ਉਪਾਅ | ਲਾਭ |
|---|---|
| ਇੱਕ ਤਲਾਅ -ਇੱਕ ਫਸਲ | ਆਰਥਿਕ ਨੁਕਸਾਨ ਹੋਣ ਦੀ ਗੁੰਜਾਇਸ਼ ਘੱਟ |
| ਤਲਾਵਾਂ ਦੀ ਪੜਾਅਵਾਰ (ਅਲਗ ਅਲਗ ਸਮੇਂ) ਸਟਾਕਿੰਗ – 15-20 ਦਿਨਾਂ ਦੇ ਅੰਤਰ ਨਾਲ | ਚੱਲਦੀ ਲਾਗਤ ਅਤੇ ਤਣਾਅ ਘੱਟ<br>ਪੜਾਅਵਾਰ ਮੰਡੀਕਰਨ ਅਤੇ ਸਹੀ ਕੀਮਤ |
| 31 ਅਗਸਤ ਤੱਕ ਝੀਂਗਾ ਫਸਲੀ ਚੱਕਰ ਸਮਾਪਤੀ ਨੂੰ ਤਰਜੀਹ ਅਤੇ 15 ਜੂਨ ਤੋਂ ਬਾਅਦ ਸਟਾਕਿੰਗ ਤੋਂ ਪਰਹੇਜ਼ | ਝੀਂਗੇ ਨੂੰ ਸਹੀ ਕੀਮਤ ਤੇ ਵੇਚਣ ਲਈ ਇੰਤਜਾਰ ਸੰਭਵ ਅਤੇ ਮੌਸਮ ਸੰਬੰਧੀ ਸਮਝੌਤੇ ਦੀ ਮਜਬੂਰੀ ਘੱਟ |
| ਘੱਟ ਘਣੀ ਝੀਂਗਾ ਪਾਲਣ ਨੂੰ ਤਰਜੀਹ | ਪਾਣੀ ਦੀ ਕੁਆਲਟੀ ਸਹੀ, ਝੀਂਗੇ ਦਾ ਤੇਜ਼ ਵਿਕਾਸ, ਘੱਟ ਬਿਮਾਰੀ, ਝੀਂਗਾ ਕੁਆਲਟੀ'ਚ ਵਾਧਾ, ਘੱਟ ਖਰਚਾ, ਘੱਟ ਤਨਾਅ ਅਤੇ ਰਿਸਕ |
| ਸਮਰੱਥਾ ਨਿਰਮਾਣ ਅਤੇ ਵਿਗਿਆਨਕ ਸਿਫਾਰਸ਼ਾਂ ਦੀ ਪਾਲਣਾ | ਬਿਮਾਰੀ ਤੋਂ ਬਚਾਅ, ਝੀਂਗਾ ਕੁਆਲਟੀ'ਚ ਵਾਧਾ, ਉਤਪਾਦਨ ਲਾਗਤ ਵਿੱਚ ਬੱਚਤ ਅਤੇ ਨੁਕਸਾਨ ਦਾ ਡਰ ਘੱਟ |
| ਅੰਨ੍ਹੇਵਾਹ ਬਿਨਾ ਗਿਆਨ ਦਵਾਈਆਂ ਦੀ ਵਰਤੋਂ ਤੋਂ ਪਰਹੇਜ਼ | ਝੀਂਗਾ ਨਿਰਯਾਤ ਗੁਣਵੱਤਾ ਨੂੰ ਬਰਕਰਾਰ ਰੱਖਣ'ਚ ਸਹਾਈ, ਵਾਧੂ ਪ੍ਰਤਿਸ਼ਠਾ/ਭਰੋਸਾ ਅਤੇ ਵੱਧ ਕੀਮਤ |
| ਝੀਂਗਾ ਕਿਸਾਨ ਸਹਿਕਾਰੀ ਸੰਸਥਾ (Cooperatives) ਜਾਂ ਕਿਸਾਨ ਉਤਪਾਦਕ ਸੰਸਥਾ (Farmer Producer Organization) ਅਧੀਨ ਝੀਂਗੇ ਦਾ ਸਿੱਧਾ ਮੰਡੀਕਰਨ | ਵਿਚੋਲੇ ਵਪਾਰੀਆਂ ਹੱਥੋ ਸ਼ੋਸ਼ਣ ਘੱਟ |
| ਮੌਜੂਦਾ ਅਤੇ ਭਵਿੱਖੀ ਵਿਕਾਸ/ਪੈਦਾਵਾਰ ਅਨੁਕੂਲ ਰਾਜ ਵਿੱਚ ਪ੍ਰੋਸੈਸਿੰਗ ਅਤੇ ਕੋਲਡ-ਸਟੋਰੇਜ਼ ਦਾ ਪ੍ਰਬੰਧ | ਸਟੋਰੇਜ਼ ਦੀ ਸੁਵਿਧਾ, ਵਾਧੂ ਮੁਨਾਫੇ ਦੀ ਸੰਭਾਵਨਾ ਅਤੇ ਵਪਾਰੀਆਂ ਤੇ ਨਿਰਭਰਤਾ ਘੱਟ |
| ਪੋਸ਼ਣ ਜਾਗਰੂਕਤਾ ਮੁਹਿੰਮ (ਜਨਤਾ, ਹਸਪਤਾਲ, ਸੁਰਖਿਆ ਬਲ, ਸਕੂਲ, ਹੋਟਲ/ਰੈਸਟੋਰੈਂਟ ਆਦਿ) | ਖਪਤਕਾਰ ਦੀ ਗਿਣਤੀ ਅਤੇ ਸਥਾਨਕ ਮੰਗ/ਪੋਸ਼ਣ ਵਿੱਚ ਵਾਧਾ ਅਤੇ ਮੰਡੀਕਰਨ ਮੁਸ਼ਕਿਲਾਂ ਘੱਟ |

(ਡਾ. ਮੀਰਾ ਡੀ ਆਂਸਲ)

# ਪਸ਼ੂ ਪਾਲਕ ਟੈਲੀ-ਅਡਵਾਈਜ਼ਰੀ ਕੇਂਦਰ

## ਪਸ਼ੂਆਂ ਸਬੰਧੀ ਜਾਣਕਾਰੀ ਅਤੇ ਮੁਸ਼ਕਿਲਾਂ ਦੇ ਹੱਲ ਲਈ ਯੂਨੀਵਰਸਿਟੀ ਵਿਖੇ ਸਲਾਹ ਕਰਨ ਲਈ ਫ਼ੋਨ ਨੰਬਰ


## 62832-97919


## 62832-58834

# ਅਫਰੀਕਨ ਸਵਾਈਨ ਫੀਵਰ

**ਇਹ ਬਿਮਾਰੀ ਇੱਕ ਵਾਈਰਸ ਤੋਂ ਹੁੰਦੀ ਹੈ।**

## ਬਿਮਾਰੀ ਫੈਲਣਾ




(i) ਜੰਗਲੀ ਸੂਰਾਂ ਤੋਂ ਸਿੱਧੇ ਸੰਪਰਕ ਰਾਹੀ
(ii) ਉਹਨਾਂ ਤੋਂ ਚਿੱਚੜਾਂ ਰਾਹੀ ਪਾਲਤੂ ਸੂਰਾਂ ਵਿੱਚ
(iii) ਬਿਮਾਰ ਸੂਰਾਂ ਤੋਂ ਅੱਗੇ ਤੰਦਰੁਸਤ ਸੂਰਾਂ ਵਿੱਚ
(iv) ਵੇਸਟ ਖਾਣ ਨਾਲ ਜਿਸ ਵਿੱਚ ਸੂਰ ਦਾ ਕੱਚਾ ਮਾਸ ਹੋਵੇ
(v) ਦੂਸ਼ਿਤ ਕੱਪੜਿਆ, ਬੂਟਾਂ ਅਤੇ ਟਾਇਰਾਂ ਰਾਹੀ

## ਲ਼ੱਛਣ

ਬੁਖਾਰ, ਭੁੱਖ ਨਾ ਲੱਗਣੀ, ਔਖੇ ਸਾਹ,ਨੱਕ/ਅੱਖਾਂ ਵਿੱਚੋ ਪਾਣੀ ਵਗਣਾ, ਲੜਖੜਾਉਣਾ, ਖ਼ੂਨੀ ਮੋਕ, ਚਮੜੀ ਤੇ ਲਾਲ/ਨੀਲੇ-ਜਾਮਨੀ ਧਫੜ ਪੈਣੇ ਖਾਸ ਕਰਕੇ ਕੰਨਾਂ ਤੇ, ਮਲ ਦੁਆਰ ਤੇ ਨੱਕ ਵਿੱਚੋ ਖ਼ੂਨ ਵਗਣਾ,ਉਲਟੀਆਂ ਲੱਗਣਾ, ਸੁਸਤ ਹੋਣਾ ਆਦਿ

ਅਫਰੀਕਨ ਸਵਾਇਨ ਫੀਵਰ ਦੇ ਲੱਛਣ ਕਲਾਸੀਕਲ ਸਵਾਇਨ ਫੀਵਰ ਵਰਗੇ ਹੀ ਹੁੰਦੇ ਹਨ।

## ਧਿਆਨ ਦੇਣ ਯੋਗ ਗੱਲਾਂ



ਬਿਮਾਰੀ ਦਾ ਕੋਈ ਟੀਕਾ ਜਾਂ ਕਾਰਗਰ ਇਲਾਜ਼ ਨਹੀ ਹੈ



ਫਾਰਮ ਤੇ ਜੀਵ ਸੁਰੱਖਿਆ ਪ੍ਰਣਾਲੀ ਦਾ ਸਖਤੀ ਨਾਲ ਪਾਲਣ ਕਰੋ

ਲ਼ੱਛਣ ਦਿਖਣ ਤੇ ਜਾਂ ਸ਼ੱਕ ਪੈਣ ਤੇ ਤੁਰੰਤ ਵੈਟਰਨਰੀ ਡਾਕਟਰ ਨਾਲ ਸੰਪਰਕ ਕਰੋ



ਤੰਦਰੁਸਤ ਸੂਰਾਂ ਨੂੰ ਕਲਾਸੀਕਲ ਸਵਾਈਨ ਫੀਵਰ ਦਾ ਟੀਕਾ ਲਗਾਓ



ਵੇਸਟ ਪਾਉਣ ਤੋਂ ਗੁਰੇਜ਼ ਕਰੋ ਜਾਂ 30 ਮਿੰਟ ਉਬਾਲ ਕੇ ਦਿਉ



ਮਰੇ ਸੂਰਾਂ ਨੂੰ ਸਾੜ ਜਾਂ ਡੂੰਘਾ ਦੱਬ ਦਿਓ

**ਨੋਟ: ਇਹ ਬਿਮਾਰੀ ਮਨੁੱਖਾਂ ਵਿੱਚ ਨਹੀ ਹੁੰਦੀ**

**ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ**

## ਸੂਰਾਂ ਵਿੱਚ ਮਲ੍ਹੱਪ ਰੋਗ

### ਕਿੱਥੇ ਮਿਲਦੇ ਹਨ?

- ਮਲ੍ਹੱਪ ਛੋਟੀ ਅੰਤੜੀ ਵਿੱਚ ਪਾਇਆ ਜਾਣ ਵਾਲਾ ਹਲਕੇ ਪੀਲੇ ਰੰਗ ਦਾ ਗੋਲ ਪਰਜੀਵੀ ਹੈ
- ਇਸਦਾ ਆਕਾਰ 6 ਤੋਂ 12 ਇੰਚ ਤੱਕ ਹੋ ਸਕਦਾ ਹੈ

ਕੀ ਮਲ੍ਹੱਪ ਕਿਸੇ ਖਾਸ ਵਰਗ ਦੇ ਸੂਰਾਂ ਨੂੰ ਪ੍ਰਭਾਵਿੱਤ ਕਰਦੇ ਹਨ?

- ਆਮ ਤੌਰ 'ਤੇ 2-3 ਮਹੀਨਿਆਂ ਦੀ ਉਮਰ ਦੇ ਸੂਰਾਂ ਵਿੱਚ ਵੱਡੀ ਗਿਣਤੀ ਵਿੱਚ ਪਾਏ ਜਾਂਦੇ ਹਨ
- ਕਈ ਵਾਰ ਬਾਲਗ ਸੂਰਾਂ ਵਿੱਚ ਵੀ ਮਿਲ ਸਕਦੇ ਹਨ

ਕਿਵੇਂ ਫੈਲਦੇ ਹਨ?

- ਇਹ ਬੀਮਾਰੀ ਪਰਜੀਵੀ ਆਂਡਿਆਂ ਦੇ ਦੂਸ਼ਿਤ ਫੀਡ / ਪਾਣੀ ਰਾਹੀਂ ਪਹੁੰਚਣ ਨਾਲ ਫੈਲਦੀ ਹੈ
- ਜਦੋਂ ਸੂਰ ਪਰਜੀਵੀ ਆਂਡਿਆਂ ਨੂੰ ਦੂਸ਼ਿਤ ਫੀਡ / ਪਾਣੀ ਨਾਲ ਨਿਗਲਦਾ ਹੈ
- ਇਹ ਬੀਮਾਰੀ ਕਾਕਰੋਚ, ਗੰਡੋਇਆਂ, ਮੱਖੀਆਂ, ਪੰਛੀਆਂ ਅਤੇ ਸ਼ੈੱਡ ਦੀ ਲੇਬਰ ਦੇ ਬੂਟਾਂ ਤੇ ਕੱਪੜਿਆਂ ਦੁਆਰਾ ਆਸਾਨੀ ਨਾਲ ਇੱਕ ਸ਼ੈਡ ਤੋਂ ਦੂਜੇ ਸ਼ੈਡ ਵਿੱਚ ਪਹੁੰਚ ਜਾਂਦੀ ਹੈ ਕਿਉਂਕਿ ਪਰਜੀਵੀ ਆਂਡੇ ਚਿਪਚਿਪੇ ਹੁੰਦੇ ਹਨ


### ਕੀ ਨੁਕਸਾਨ ਕਰਦੇ ਹਨ?

- ਪੇਟ ਫੁੱਲ (ਆਕਾਰ ਵਿੱਚ ਵੱਡਾ) ਜਾਣਾ
- ਸਰੀਰਕ ਕਮਜ਼ੋਰੀ ਤੇ ਭਾਰ ਘੱਟ ਜਾਣਾ
- ਮੋਕ ਲੱਗ ਜਾਣਾ
- ਚਮੜੀ ਦੇ ਵਾਲਾਂ ਦਾ ਖੁਰਦਰਾ ਹੋ ਜਾਣਾ
- ਬੁਖਾਰ ਹੋ ਜਾਣਾ
- ਤੇਜ਼-ਤੇਜ਼ ਸਾਹ ਲੈਣਾ
- ਨਵ ਜਨਮੇਂ ਸੂਰਾਂ ਨੂੰ ਨਿਮੋਨੀਆ ਅਤੇ ਖੰਘ ਲੱਗ ਜਾਣਾ
- ਗੰਭੀਰ ਬੀਮਾਰੀ ਵਿੱਚ ਮੌਤ ਹੋ ਜਾਣਾ

### ਰੋਗ ਦੀ ਪਛਾਣ, ਇਲਾਜ ਤੇ ਰੋਕਥਾਮ ਲਈ ਕੀ ਉਪਰਾਲੇ ਕਰਨੇ ਚਾਹੀਦੇ ਹਨ?

- ਪਛਾਣ ਬਿਮਾਰੀ ਦੇ ਲੱਛਣਾਂ ਅਤੇ ਮਲ੍ਹ ਦੀ ਪ੍ਰਯੋਗਸ਼ਾਲਾ ਵਿੱਚ ਜਾਂਚ ਕਰਵਾਉਣ ਨਾਲ ਕੀਤੀ ਜਾ ਸਕਦੀ ਹੈ
- ਇਲਾਜ ਲਈ ਐਲਬੈਂਡਾਜ਼ੋਲ, ਫੈਨਬੈਂਡਾਜ਼ੋਲ, ਆਈਵਰਮੈਕਟਿਨ, ਪਾਈਰੈਂਟਲ ਆਦਿ ਦਵਾਈਆਂ ਦਾ ਉਪਯੋਗ ਡਾਕਟਰੀ ਸਲਾਹ ਅਨੁਸਾਰ ਕਰਨਾ ਚਾਹੀਦਾ ਹੈ
- ਰੋਕਥਾਮ ਲਈ ਸੂਣ ਵਾਲੀ ਸੂਰੀ ਦੀ ਚਮੜੀ ਨੂੰ ਚੰਗੀ ਤਰ੍ਹਾਂ ਰਗੜ ਕੇ ਧੋਣਾ ਤੇ ਸਾਫ ਕਰਨਾ ਚਾਹੀਦਾ ਅਤੇ ਫੇਰ ਉਸ ਨੂੰ ਸੂਣ ਵਾਲੇ ਕਮਰੇ ਵਿੱਚ ਰੱਖਣਾ ਚਾਹੀਦਾ ਹੈ; ਸੂਣ ਵਾਲੇ ਕਮਰੇ ਦੇ ਫਰਸ਼ ਅਤੇ ਕੰਧਾਂ ਦੀ ਚੰਗੀ ਤਰ੍ਹਾਂ ਰਗੜ ਕੇ ਸਫਾਈ ਕਰਨੀ ਚਾਹੀਦੀ ਹੈ ਅਤੇ ਇਸ ਲਈ ਗਰਮ ਪਾਣੀ ਅਤੇ ਸੋਡੇ ਦੇ ਘੋਲ ਦੀ ਵਰਤੋਂ ਕਰਨੀ ਚਾਹੀਦੀ ਹੈ; ਦੁੱਧ ਛਡਾਉਣ ਤੋਂ ਬਾਅਦ ਮਾਂ ਨੂੰ ਬੱਚਿਆ ਤੋਂ ਅਲੱਗ ਕਰ ਦੇਣਾ ਚਾਹੀਦਾ ਹੈ ਅਤੇ ਬੱਚਿਆਂ ਦਾ ਪਾਲਣ ਪੋਸ਼ਣ ਸਾਫ ਸੁੱਥਰੇ ਮਾਹੌਲ ਵਿੱਚ ਕਰਨਾ ਚਾਹੀਦਾ ਹੈ; ਗੰਦੇ ਸ਼ੈਡਾਂ/ ਕਮਰਿਆਂ ਨੂੰ ਭਾਫ ਜਾਂ ਗਰਮ ਕਾਸਟਿਕ ਸੋਡੇ ਦੇ ਘੋਲ ਨਾਲ ਸਾਫ ਕਰਨਾ ਚਾਹੀਦਾ ਹੈ ।

## ਸੂਰਾਂ ਵਿੱਚ ਮਲ੍ਹੱਪ ਰੋਗ




### ਸੂਰਾਂ ਨੂੰ ਮਲ੍ਹੱਪ ਰਹਿਤ ਕਿਵੇਂ ਕਰੀਏ?

- ਨਵ-ਜੰਮੇਂ ਸੂਰਾਂ ਨੂੰ 4 ਹਫਤੇ ਦੀ ਉਮਰ ਤੇ ਮਲ੍ਹੱਪ ਰਹਿਤ ਕਰੋ
- ਦੁੱਧ ਛਡਾਉਣ ਤੋਂ 1 ਹਫਤੇ ਬਾਅਦ ਮਲ੍ਹੱਪ ਰਹਿਤ ਕਰੋ
- ਵੱਧ ਰਹੇ ਸੂਰਾਂ ਨੂੰ 1-2 ਵਾਰ ਕਿਰਮ ਰਹਿਤ ਕਰੋ
- ਬਾਲਗ ਸੂਰਾਂ ਨੂੰ 3 ਜਾਂ 6 ਮਹੀਨੇ ਤੇ ਡਾਕਟਰੀ ਸਲਾਹ ਅਨੁਸਾਰ ਮਲ੍ਹੱਪ ਰਹਿਤ ਕਰੋ
- ਗੱਭਣ ਸੂਰੀਆਂ ਨੂੰ ਸੂਣ ਤੋਂ 2-3 ਹਫਤੇ ਪਹਿਲਾਂ ਡਾਕਟਰੀ ਸਲਾਹ ਅਨੁਸਾਰ ਮਲ੍ਹੱਪ ਰਹਿਤ ਕਰੋ
- ਪ੍ਰਜਨਣ ਲਈ ਰੱਖੇ ਸੂਰਾਂ ਨੂੰ ਮਿਲਾਪ ਤੋਂ 2-3 ਹਫਤੇ ਪਹਿਲਾਂ ਡਾਕਟਰੀ ਸਲਾਹ ਅਨੁਸਾਰ ਮਲ੍ਹੱਪ ਰਹਿਤ ਕਰੋ

ਸੁਝਾਅ: ਮਲ੍ਹ ਦੀ ਜਾਂਚ ਤੋਂ ਬਾਅਦ ਜ਼ਰੂਰਤ ਅਨੁਸਾਰ ਹੀ ਕਿਰਮ ਰਹਿਤ ਕਰੋ

(ਡਾ. ਹਰਕੀਰਤ ਸਿੰਘ ਅਤੇ ਡਾ. ਜੋਤੀ)

## ਨਾੜ ਤੋਂ ਤੂੜੀ ਬਣਾਉ

ਪਸ਼ੂ ਪਾਲਣ ਕਿੱਤੇ ਵਿੱਚ ਖੁਰਾਕ ਇੱਕ ਮਹੱਤਵਪੂਰਨ ਪਹਿਲੂ ਹੈ, ਕਿਉਕਿ ਲੱਗਭੱਗ 60-70 % ਖਰਚਾ ਖੁਰਾਕ ਤੇ ਹੀ ਆਉਦਾ ਹੈ। ਖੁਰਾਕ ਵਿੱਚ ਹਰਾ ਚਾਰਾ, ਸੁੱਕਾ ਚਾਰਾ ਅਤੇ ਵੰਡ ਮੁੱਖ ਅੰਸ਼ ਹਨ। ਸੁੱਕੇ ਚਾਰੇ ਵਿੱਚ ਤੂੜੀ ਪ੍ਰਮੁੱਖ ਹੈ। ਤੂੜੀ ਵਿੱਚ ਭਾਵੇ ਕਿ ਖੁਰਾਕੀ ਤੱਤ ਜਿਆਦਾ ਨਹੀ ਹੁੰਦੇ ਪਰ ਇਹ ਰੇਸ਼ੇ ਦਾ ਵਧੀਆ ਸ੍ਰੋਤ ਹੁੰਦੀ ਹੈ ਤੇ ਪਸ਼ੂ ਦੇ ਢਿੱਡ ਭਰਨ ਦਾ ਵਧੀਆ ਜਰੀਆਂ ਹੈ। ਹਰੇ ਚਾਰੇ ਦੀ ਤੋਟ ਵੇਲ਼ੇ (ਮਈ- ਜੂਨ, ਨਵੰਬਰ-ਦਸੰਬਰ) ਇਹ ਛੋਟੇ ਤੇ ਸੀਮਾਂਤ ਪਸ਼ੂ ਪਾਲਕਾਂ ਲਈ ਪਸ਼ੂਆਂ ਦੇ ਨਿਰਵਾਹ ਲਈ ਇੱਕ ਸਾਧਨ ਹੁੰਦੀ ਹੈ।

ਕਣਕ ਹਾੜੀ ਦੀ ਇੱਕ ਫਸਲ ਹੈ ਤੇ ਇਸਦੀ ਵਾਢੀ ਅਪ੍ਰੈਲ਼ ਵਿੱਚ ਸ਼ੁਰੂ ਹੋ ਜਾਂਦੀ ਹੈ। ਮਸ਼ੀਨੀਕਰਨ ਦੇ ਯੁੱਗ ਵਿੱਚ ਕਿਸਾਨ ਵੀਰ ਕੰਬਾਇਨਾਂ ਨਾਲ ਜਲਦੀ- ਜਲਦੀ ਵਾਢੀ ਕਰਕੇ ਬਾਕੀ ਬਚਦੀ ਨਾੜ ਨੂੰ ਅੱਗ ਲਗਾ ਦਿੰਦੇ ਹਨ। ਇਸ ਅੱਗ ਨਾਲ ਇੱਕ ਤਾਂ ਧੂੰਏ ਦਾ ਪ੍ਰਦੂਸ਼ਣ ਹੁੰਦਾ ਹੈ ਦੂਸਰਾ ਨਾੜ/ਮਿੱਟੀ ਵਿੱਚ ਮੋਜੂਦ ਕਈ ਖੁਰਾਕੀ ਤੱਤ ਸੜ ਜਾਂਦ ਹਨ।

ਪਿਛਲੇ ਕੁਝ ਸਮੇ ਵਿੱਚ ਤੂੜੀ ਤੇ ਮੁੱਲ ਵਿੱਚ ਕਾਫੀ ਇਜਾਫਾ ਹੋਇਆ ਹੈ ਤੇ ਦੂਸਰੇ ਸੂਬਿਆਂ ਵਿੱਚ( ਤੂੜੀ ਦੀ ਘਾਟ ਵਾਲੇ) ਵੀ ਇਸ ਦੀ ਮੰਗ ਵੱਧ ਰਹੀ ਹੈ। ਸੋ ਹੁਣ ਸਹੀ ਸਮਾਂ ਹੈ ਕਿ ਨਾੜ ਨੂੰ ਅੱਗ ਨਾ ਲਾ ਕੇ ਇਸ ਤੋਂ ਵੱਧ ਤੋਂ ਵੱਧ ਤੂੜੀ ਬਣਾਓ ਤਾਂ ਕਿ ਲੋੜ ਪੈਣ ਤੇ ਇਸ ਤੋਂ ਲਾਹਾ ਲਿਆ ਜਾ ਸਕੇ।

ਕੋਸ਼ਿਸ਼ ਕਰੋ ਕਿ ਤੂੜੀ ਸਾਫ -ਸੁਥਰੀ ਹੋਵੇ ਤੇ ਇਹ ਮਿੱਟੀ ਘੱਟੇ ਤੋਂ ਰਹਿਤ ਹੋਵੇ। ਮਸ਼ੀਨੀਕਰਨ ਵੱਧਣ ਨਾਲ ਤੂੜੀ ਵਿੱਚ ਕਿੱਲ/ਮੇਖਾਂ ਆਦਿ ਦੇ ਆਉਣ ਦੀ ਸੰਭਾਵਣਾ ਵੀ ਵੱਧ ਰਹੀ ਹੈ ਜਿਸ ਨਾਲ ਪਸ਼ੂਆਂ ਵਿਚੱ ਲੋਹਾਂ ਖਾਣ ਨਾਲ ਹੋਣ ਵਾਲੀ ਇੱਕ ਬਿਮਾਰੀ ਦੇ ਮੌਕੇ ਵੀ ਲਗਾਤਾਰ ਵੱਧ ਰਹੇ ਹਨ। ਸੋ ਪਸ਼ੂ ਨੂੰ ਤੂੜੀ ਹਮੇਸ਼ਾਂ ਛਾਣ ਕੇ ਪਾਉ, ਇਸ ਲਈ ਆਮ ਛਾਨਣੇ ਦੀ ਵਰਤੋ ਕੀਤੀ ਜਾ ਸਕਦੀ ਹੈ ਜਾਂ ਬਜਾਰ ਵਿੱਚ ਅਜਕੱਲ ਤੂੜੀ ਛਾਨਣ ਲਈ ਇੱਕ ਉਪਕਰਣ ਵੀ ਉਪਲੱਬਧ ਹੈ ਦੀ ਵੀ ਵਰਤੋ ਕੀਤੀ ਜਾ ਸਕਦੀ ਹੈ। ਕੋਸ਼ਿਸ਼ ਕਰੋ ਕਿ ਛਾਨਣੇ ਹੇਠ ਇੱਕ ਵੱਡਾ ਚੁੰਬਕ ਵੀ ਲਗਾ ਦਿਉ ਤਾ ਕਿ ਇਹ ਲੋਹੇ ਦੀਆਂ ਚੀਜਾਂ ਨੂੰ ਫੜ ਸਕੇ।





ਤੂੜੀ ਛਾਨਣ ਵਾਲੇ ਉਪਕਰਨ

ਤੂੜੀ ਨੂੰ ਯੂਰੀਏ ਨਾਲ ਸੋਧ ਕੇ ਇਸ ਦੀ ਖੁਰਾਕੀ ਗੁਣਵਤਾ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਸ ਲਈ 4 ਕੁਇੰਟਲ ਤੂੜੀ ਵਾਸਤੇ 14 ਕਿਲੋ ਯੂਰੀਆਂ 200 ਲੀਟਰ ਪਾਣੀ ਵਿੱਚ ਘੋਲ ਲਉ। 100 ਕਿਲੋ ਤੂੜੀ ਤਰਪਾਲ ਜਾ ਪੱਕੀ ਜਗ੍ਹਾ ਤੇ ਵਛਾ ਲਵੋ, ਇਸ ਉਪਰ 50 ਕਿਲੋ ਯੂਰੀਏ ਵਾਲੇ ਘੋਲ ਦਾ ਸਪਰੇਅ ਇਸ ਤਰਾਂ ਕਰੋ ਕਿ ਸਾਰੀ ਤੂੜੀ ਗਿੱਲੀ ਹੋ ਜਾਵੇ। ਤਰੰਗਲੀ ਨਾਲ ਹਿਲਾਉਦੇ ਰਹੋ। ਇਸ ਤਰਾਂ ਕਰਦੇ ਹੋਏ ਸਾਰੀ ਦੀ ਸਾਰੀ ਤੂੜੀ ਨੂੰ ਯੂਰੀਏ ਵਾਲੇ ਘੋਲ ਨਾਲ ਗਿੱਲੀ ਕਰ ਦਿਉ। ਅਖੀਰ ਵਿੱਚ ਇਸ ਗਿੱਲੀ ਤੂੜੀ ਦਾ ਕੂੰਨੁ/ਕੁਪ ਬਣਾ ਕੇ ਇਸ ਨੂੰ 9 ਦਿਨਾਂ ਤੱਕ ਤਰਪਾਲ ਨਾਲ ਢੱਕ ਦਿਉ। 10 ਦਿਨ ਤੂੜੀ ਨੂੰ ਹਵਾ ਲਵਾ ਕੇ ਪਸ਼ੂਆਂ ਨੂੰ ਖੁਵਾਇਆ ਜਾ ਸਕਦਾ ਹੈ। ਇਹ ਤੂੜੀ ਨਰਮ ਤੇ ਪੋਸ਼ਟਿਕ ਹੋ ਜਾਂਦੀ ਹੈ ਤੇ ਪਸ਼ੂ ਇਸ ਨੂੰ ਖੁਸ਼ ਹੋ ਕੇ ਖਾਂਦਾ ਹੈ। ਧਿਆਨ ਦਿਓ ਇਹ ਯੂਰੀਏ ਨਾਲ ਸੋਧੀ ਤੂੜੀ 6 ਮਹੀਨੇ ਤੋਂ ਛੋਟੇ ਕਟੜੂ-ਵਛੜੂ, ਘੋੜੇ, ਸੂਰ ਆਦਿ ਨੂੰ ਨਹੀ ਦੇਣੀ ਚਾਹੀਦੀ।

(ਡਾ. ਜਸਵਿੰਦਰ ਸਿੰਘ. ਡਾ. ਅਰੁਨਬੀਰ ਸਿੰਘ)

## ਮਾਰਚ- ਅਪ੍ਰੈਲ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਇਸ ਸਾਲ ਫ਼ਰਵਰੀ ਮਹੀਨੇ ਦਾ ਤਾਪਮਾਨ ਆਮ ਨਾਲੋਂ ਕੁਝ ਵੱਧ ਰਿਹਾ ਹੈ। ਇਸਲਈ ਮਾਰਚ-ਅਪ੍ਰੈਲ ਦੇ ਮਹੀਨੇ ਵੀ ਤਾਪਮਾਨ ਜ਼ਿਆਦਾ ਰਹਿ ਸਕਦਾ ਹੈ। ਪਸ਼ੂ ਪਾਲਕ ਵਧ ਰਹੇ ਤਾਪਮਾਨ ਦਾ ਖਿਆਲ ਰੱਖਣ। ਪਸ਼ੂਆਂ ਨੂੰ ਵਧੀਆ ਖੁਰਾਕ ਪ੍ਰਬੰਧਨ ਰਾਹੀਂ ਗਰਮੀ ਵਧਣ ਤੋਂ ਪਹਿਲਾਂ ਗੱਭਣ ਕਰਵਾਉਣ ਨੂੰ ਪਹਿਲ ਦੇਣੀ ਚਾਹੀਦੀ ਹੈ।

### ਡੇਅਰੀ ਫ਼ਾਰਮਿੰਗ

ਮਾਰਚ ਮਹੀਨੇ ਤੋਂ ਸਾਉਣੀ ਦੇ ਚਾਰਿਆਂ ਦੀ ਸਿਫ਼ਾਰਿਸ਼ ਸਮੇਂ ‘ਤੇ ਬਿਜਾਈ ਕਰੋ।

ਪੇਟ ਦੀ ਕੀੜਿਆਂ ਦਾ ਪਤਾ ਲਗਾਉਣ ਲਈ ਗੋਹੇ ਦੀ ਜਾਂਚ ਕਰਵਾ ਕੇ ਕਿਰਮ-ਰਹਿਤ ਕਰਨ ਦੀ ਦਵਾਈ ਦਿਉ।

ਪਸ਼ੂਆਂ ਨੂੰ ਲੰਪੀ ਚਮੜੀ ਰੋਗ ਤੋਂ ਬਚਾਉਣ ਲਈ ਉਹਨਾਂ ਦਾ ਟੀਕਾਕਰਨ ਜ਼ਰੂਰ ਕਰਵਾਉ।

### ਬੱਕਰੀ ਪਾਲਣ

ਛਲਾਰੂਆਂ ਵਿੱਚ ਮੋਕ ਪ੍ਰਤੀ ਸਾਵਧਾਨ ਰਹੋ। ਲੋੜ ਅਨੁਸਾਰ ਮਾਹਿਰ ਦੀ ਸਲਾਹ ਨਾਲ ਕਿਰਮ ਰਹਿਤ ਕਰੋ।

ਛਲਾਰੂਆਂ ਨੂੰ ਐਂਟੈਰੋਟੌਕਸੀਮੀਆ, ਪੀ ਪੀ ਆਰ, ਮੂੰਹ ਖੁਰ ਤੋਂ ਬਚਾਉਣ ਲਈ ਟੀਕਾਕਰਨ ਕਰਵਾਉ। ਬੱਕਰੀਆਂ ਨੂੰ ਹਰ ਵੇਲੇ ਪੀਣ ਲਈ ਤਾਜ਼ਾ ਅਤੇ ਸਾਫ਼ ਪਾਣੀ ਉਪਲਬਧ ਰਹਿਣਾ ਚਾਹੀਦਾ ਹੈ।

### ਮੁਰਗੀ ਪਾਲਣ

ਆਂਡੇ ਵਾਲੀਆਂ ਮੁਰਗੀਆਂ ਨੂੰ ਤੀਜੇ ਹਫ਼ਤੇ ਵਿੱਚ 20 ਘੰਟੇ ਰੋਸ਼ਨੀ ਦੇਣ ਤੋਂ ਬਾਅਦ, 3-12 ਹਫ਼ਤਿਆਂ ਦੌਰਾਨ 16 ਘੰਟੇ, 12-21 ਹਫ਼ਤਿਆਂ ਦੌਰਾਨ 14 ਘੰਟੇ ਅਤੇ 21 ਹਫ਼ਤਿਆਂ ਤੋਂ ਰੋਜ਼ਾਨਾ 16 ਘੰਟੇ ਰੋਸ਼ਨੀ ਦੇਣੀ ਚਾਹੀਦੀ ਹੈ।

ਆਂਡੇ ਦੇਣ ਵਾਲੀਆਂ ਮੁਰਗੀਆਂ ਨੂੰ 21 ਹਫ਼ਤਿਆਂ ਤੋਂ ਬਾਅਦ ਰੋਸ਼ਨੀ ਘਟਾਉਣੀ ਨਹੀਂ ਚਾਹੀਦੀ। ਆਂਡੇ ਦੇਣ ਵਾਲੀਆਂ ਮੁਰਗੀਆਂ ਦੀ ਖੁਰਾਕ ਵਿੱਚ ਕੈਲਸ਼ੀਅਮ ਦਾ ਸ੍ਰੋਤ ਜ਼ਰੂਰ ਹੋਣਾ ਚਾਹੀਦਾ ਹੈ।

### ਸੂਰ ਪਾਲਣ

ਵੱਗ ਦੀਆਂ ਸਾਰੀਆਂ ਸੂਰੀਆਂ ਅਤੇ ਦੋ ਮਹੀਨਿਆਂ ਦੇ ਬੱਚਿਆਂ ਨੂੰ ਕਿਰਮ ਰਹਿਤ ਕਰਨ ਦਾ ਪ੍ਰਬੰਧ ਕਰੋ।

ਸੂਰਾਂ ਨੂੰ ਅਫ਼ਰੀਕਨ ਸਵਾਈਨ ਫ਼ੀਵਰ ਤੋਂ ਬਚਾਉਣ ਲਈ ਜੀਵ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਕਰੋ।

### ਮੱਛੀ ਪਾਲਣ

ਤਲਾਅ ਵਿੱਚ ਪਲੈਂਕਟਨ (ਕੁਦਰਤੀ ਖੁਰਾਕ) ਦੀ ਪੈਦਾਵਾਰ ਲਈ ਸਿਫ਼ਾਰਿਸ਼ ਦਰ ਅਨੁਸਾਰ ਖਾਦ ਪਾਓ ।

ਸਿਫਾਰਿਸ਼ ਦਰ ਅਤੇ ਅਨੁਪਾਤ ਅਨੁਸਾਰ ਤਲਾਅ ਵਿੱਚ ਕਾਰਪ ਮੱਛੀਆਂ ਦਾ ਉਂਗਲਾਕਾਰੀ (3-4 ਇੰਚ) ਬੱਚ ਸੰਚਿਤ ਕਰੋ। ਤਲਾਅ ਵਿੱਚ ਚੂਨਾ ਪਾਓ (ਜੇ ਪੀ.ਐਚ. 8.5 ਤੋਂ ਘੱਟ ਹੋਵੇ ਤਾਂ)। ਸਵੇਰ ਵੇਲੇ ਤਾਜ਼ਾ ਪਾਣੀ ਛੱਡੋ ਜਾਂ ਏਰੇਸ਼ਨ ਕਰੋ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ)